# ਦੇਵਿੰਦਰ ਕੌਰ ਰਚਿਤ ਸਵੈਜੀਵਨੀ 'ਵਹੀ ਖਾਤਾ'

## ਅਧਿਐਨ ਤੇ ਵਿਸ਼ਲੇਸ਼ਣ

ਹਰਮੀਤ ਕੌਰ (ਡਾ.)*

ਡਾ. ਦੇਵਿੰਦਰ ਕੌਰ ਪੰਜਾਬੀ ਸਾਹਿਤ ਅਤੇ ਸਮੀਖਿਆ ਦੇ ਖੇਤਰ ਵਿਚ ਇਕ ਜਾਣਿਆਂ ਪਛਾਣਿਆਂ ਨਾਮ ਹੈ। ਉਹ ਆਲੋਚਕ ਦੇ ਨਾਲ ਨਾਲ ਇਕ ਕਵਿੱਤਰੀ ਵੀ ਹੈ। ਹੁਣ ਤਕ ਉਸਦੇ ਚਾਰ ਕਾਵਿ-ਸੰਗ੍ਰਹਿ – ਇਸਤੋਂ ਪਹਿਲਾਂ ਕਿ, ਨੰਗੀਆਂ ਸੜਕਾਂ ਦੀ ਦਾਸਤਾਨ, ਅਗਨ ਚੋਲਾ ਅਤੇ ਸਫ਼ਰ - ਪ੍ਰਕਾਸ਼ਿਤ ਹੋ ਚੁੱਕੇ ਹਨ। ਕਵਿਤਾ ਨਾਲ ਮਨੁੱਖ ਦੀ ਸਾਂਝ ਆਮ ਤੌਰ ਤੇ ਉਦੋਂ ਹੀ ਪੈਂਦੀ ਹੈ ਜਦੋਂ ਉਹ ਭਾਵੁਕਤਾ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਦੀ ਭਾਵੁਕਤਾ ਦੀ ਝਲਕ ਦੇਵਿੰਦਰ ਕੌਰ ਦੀਆਂ ਕਵਿਤਾਵਾਂ ਵਿਚ ਦਿਖਾਈ ਦਿੰਦੀ ਹੈ। ਦੇਵਿੰਦਰ ਕੌਰ ਨੇ ਕਵਿਤਾ ਨਾਲ ਸਾਂਝ ਉਦੋਂ ਪਾਈ ਜਦੋਂ ਉਸਦੀ ਜ਼ਿੰਦਗੀ ਵਿਚ ਭਾਵੁਕ ਤਬਦੀਲੀਆਂ ਵਾਪਰ ਰਹੀਆਂ ਸਨ। ਪਰ ਉਸਦੀ ਸ਼ਖ਼ਸੀਅਤ ਅਤੇ ਸੁਭਾ ਵਿਚ ਭਾਵੁਕਤਾ ਦੇ ਨਾਲ ਨਾਲ ਬੌਧਿਕਤਾ ਵੀ ਸ਼ਾਮਿਲ ਹੈ। ਇਸ ਗੱਲ ਦਾ ਪ੍ਰਮਾਣ ਉਸਦੀਆਂ ਆਲੋਚਨਾ ਪੁਸਤਕਾਂ ਵਿਚੋਂ ਮਿਲਦਾ ਹੈ। ਇਸੇ ਸੁਭਾ ਕਾਰਨ ਉਹ ਜ਼ਿੰਦਗੀ ਦੇ ਚੰਗੇ-ਮਾੜੇ ਤੇ ਔਖੇ ਲਮਹਿਆਂ ਵਿਚੋਂ ਗ਼ੁਜ਼ਰ ਕੇ ਇਕ ਸੁਤੰਤਰ ਸੋਚ ਵਾਲੀ ਲੇਖਕਾ ਵਜੋਂ ਉੱਭਰੀ ਹੈ।

'ਵਹੀ ਖਾਤਾ' ਦੇਵਿੰਦਰ ਕੌਰ ਦੀ ਸਵੈ-ਜੀਵਨੀ ਹੈ। ਸਵੈ-ਜੀਵਨੀ ਜਾਂ ਅਤਮ ਕਥਾ ਸਾਹਿਤ ਦੀ ਉਹ ਵਿਧਾ ਹੈ ਜਿਸ ਵਿਚ ਲੇਖਕ ਆਪਣੇ ਜੀਵਨ ਅਨੁਭਵ ਨੂੰ ਕਥਾ ਦੀ ਜੁਗਤ ਰਾਹੀਂ ਪੇਸ਼ ਕਰਦਾ ਹੈ। "ਇਸ ਸਾਹਿਤ ਰੂਪ ਵਿਚ ਲੇਖਕ ਆਪਣੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਜਾਂ ਕਾਰਜਾਂ ਦਾ ਬਿਉਰਾ ਹੀ ਪੇਸ਼ ਨਹੀਂ ਕਰਦਾ ਸਗੋਂ ਪੁਨਰ ਸਿਰਜਦਾ ਹੈ। ਦੁਬਾਰ ਸਿਰਜਿਆ ਹੋਣ ਕਰ ਕੇ ਇਸਦੀ ਗਿਣਤੀ ਸਿਰਜਣਾਤਮਕ ਸਾਹਿਤ ਵਿਚ ਕੀਤੀ ਜਾਂਦੀ ਹੈ . . . ਸਵੈਜੀਵਨੀ ਆਪ-ਹੰਢਾਏ ਅਤੇ ਭੋਗੇ ਪਲਾਂ ਦੀ ਪੁਨਰ ਉਸਾਰੀ ਹੈ। ਇਸ ਵਿਚ ਲੇਖਕ ਜ਼ਿੰਦਗੀ ਦੀ ਵਿਸ਼ਾਲ ਪਿੱਠਭੂਮੀ ਵਿਚ ਆਪਣੇ ਜੀਵਨ ਨੂੰ ਘੋਖਦਾ ਹੈ ਅਤੇ ਆਪਣੇ ਅੰਦਰਲੇ ਨੂੰ ਉੱਤਮ-ਪੁਰਖ ਵਿਚ ਬਿਆਨ ਕਰਦਾ ਹੈ। ਇਸ ਤਰ੍ਹਾਂ ਸਵੈਜੀਵਨੀ ਇਕ ਝਰੋਖਾ ਹੈ ਜਿਸ ਰਾਹੀਂ ਅਸੀਂ ਕਿਸੇ ਮਹਾਨ ਵਿਅਕਤੀ ਦੇ ਅੰਦਰ ਝਾਕ ਸਕਦੇ ਹਾਂ।" [1]

ਉਪਰੋਕਤ ਪਰਿਭਾਸ਼ਾ ਨੂੰ ਸਾਮ੍ਹਣੇ ਰੱਖ ਕੇ ਅਸੀਂ ਡਾ. ਦੇਵਿੰਦਰ ਕੌਰ ਦੀ ਸਵੈ-ਜੀਵਨੀ ਮੂਲਕ ਰਚਨਾ 'ਵਹੀ ਖਾਤਾ' ਦਾ ਅਧਿਐਨ ਤੇ ਵਿਸ਼ਲੇਸ਼ਣ ਕਰ ਸਕਦੇ ਹਾਂ। ਦੇਵਿੰਦਰ ਕੌਰ ਨੇ ਆਪਣੀ ਇਸ ਰਚਨਾ ਦਾ ਨਾਮ ਵਹੀ ਖਾਤਾ ਰੱਖਿਆ ਹੈ ਜਿਸਦਾ

---

* *ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ, ਦਿਆਲ ਸਿੰਘ ਕਾਲਜ, ਨਵੀਂ ਦਿੱਲੀ।*

ਭਾਵ ਹੈ ਲੇਖਾ-ਜੋਖਾ ਜਾਂ ਹਿਸਾਬ-ਕਿਤਾਬ। ਇਸਦੇ ਸਿਰਲੇਖ ਤੋਂ ਹੀ ਸਾਨੂੰ ਪਤਾ ਚਲਦਾ ਹੈ ਕਿ ਇਹ ਪੁਸਤਕ ਉਸਦੀ ਜ਼ਿੰਦਗੀ ਦਾ ਲੇਖਾ-ਜੋਖਾ ਹੈ। ਉਸਨੇ ਇਸ ਵਿਚ ਆਪਣੇ ਬਚਪਨ ਤੋਂ ਲੈਕੇ ਹੁਣ ਤਕ ਦੇ ਜੀਵਨ-ਸਫ਼ਰ ਨੂੰ ਅੰਕਿਤ ਕੀਤਾ ਹੈ। ਸਮਕਾਲੀ ਲੇਖਕ ਜਿੰਦਰ ਦੇ ਸ਼ਬਦਾਂ ਵਿਚ "ਡਾ. ਦੇਵਿੰਦਰ ਕੌਰ ਦੀ ਇਹ ਜੀਵਨੀ ਆਮ ਰਵਾਇਤੀ ਜੀਵਨੀਆਂ ਤੋਂ ਹਟਵੀਂ ਹੈ। ਜੀਵਨ ਵਿਚ ਜੋ ਕੁਝ ਉਸ ਨਾਲ ਵਾਪਰਿਆ, ਜੋ ਕੁਝ ਉਸ ਨੇ ਹੰਢਾਇਆ ਉਸ ਨੂੰ ਉਵੇਂ ਹੀ ਬਿਆਨ ਕੀਤਾ ਹੈ। ਆਪਣੀ ਕਹਾਣੀ ਨੂੰ ਕਿਸੇ ਵੀ ਕਿਸਮ ਦੀ ਕਲਪਨਾ ਦੀ ਪੁੱਠ ਨਹੀਂ ਦਿੱਤੀ। ਦੇਵਿੰਦਰ ਆਪਣੇ ਉੱਪਰ ਹੋ ਰਹੇ ਮਾਨਸਿਕ ਤੇ ਸਰੀਰਕ ਤਸ਼ੱਦਦ ਦਾ ਸਾਮ੍ਹਣਾ ਆਪਣੀ ਰਚਨ-ਪ੍ਰਕਿਰਿਆ ਰਾਹੀਂ ਕਰਦੀ ਹੈ। ਦੇਵਿੰਦਰ ਦਾ ਸੁਭਾ ਇਸ ਕਥਾਨਕ ਦਾ ਮੁੱਖ ਕਿਰਦਾਰ ਬਣ ਕੇ ਉੱਭਰਦਾ ਹੈ।"[2]

ਲੇਖਕਾ ਨੇ ਆਪਣੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਤੇ ਸਥਿਤੀਆਂ ਨੂੰ ਵੱਖੋ-ਵੱਖਰੇ ਸਿਰਲੇਖਾਂ ਹੇਠ ਬਿਆਨ ਕੀਤਾ ਹੈ। ਇੰਜ ਪਾਠਕਾਂ ਸਾਮਹਣੇ ਉਸਦੇ ਜੀਵਨ ਦੀਆਂ ਮਹੱਤਵਪੂਰਣ ਘਟਨਾਵਾਂ ਇਕ ਲੜੀ ਵਾਰ ਰੂਪ ਵਿਚ ਪੇਸ਼ ਹੁੰਦੀਆਂ ਹਨ। ਇਕ ਪਾਠਕ ਦੀ ਦ੍ਰਿਸ਼ਟੀ ਤੋਂ ਇਸ ਸਵੈ-ਜੀਵਨੀ ਨੂੰ ਪੜ੍ਹਦਿਆਂ ਸ਼ੁਰੂ ਤੋਂ ਲੈ ਕੇ ਅੰਤ ਤਕ ਇਕ ਉਤਸੁਕਤਾ ਬਣੀ ਰਹਿੰਦੀ ਹੈ। ਪਾਠਕ, ਇਕ ਤਰ੍ਹਾਂ ਨਾਲ ਲੇਖਕਾ ਦੀ ਜ਼ਿੰਦਗੀ ਵਿਚ ਸ਼ਾਮਿਲ ਹੋ ਕੇ ਵਿਚਰਦਾ ਹੈ। ਉਹ ਲੇਖਕਾ ਨਾਲ ਵਾਪਰ ਰਹੀਆਂ ਦੁਖਦ ਘਟਨਾਵਾਂ ਤੋਂ ਦੁਖੀ ਹੁੰਦਾ ਹੈ ਅਤੇ ਜਦੋਂ ਉਹ ਕਿਸੇ ਖੁਸ਼ੀ ਨੂੰ ਹਾਸਿਲ ਕਰਦੀ ਹੈ ਤਾਂ ਉਹ ਖੁਸ਼ੀ ਅਨੁਭਵ ਕਰਦਾ ਹੈ। ਇਉਂ ਅਸੀਂ ਕਹਿ ਸਕਦੇ ਹਾਂ ਕਿ ਇਹ ਰਚਨਾ ਰੌਚਕਤਾ ਪੱਖੋਂ ਪਾਠਕ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ ਜੋ ਇਸਦੇ ਸਾਹਿਤਕ ਮੁੱਲ ਵਿਚ ਵਾਧਾ ਕਰਦੀ ਹੈ।

ਦੇਵਿੰਦਰ ਕੌਰ ਆਪਣੀ ਸਵੈ-ਜੀਵਨੀ ਦੀ ਸ਼ੁਰੂਆਤ ਆਪਣੇ ਬਚਪਨ ਤੋਂ ਕਰਦੀ ਹੈ। ਬਚਪਨ ਵਿਚ ਉਹ ਆਪਣੇ ਨਾਨਾ ਜੀ ਦੀ ਬਹੁਤ ਲਾਡਲੀ ਰਹੀ। ਇਸਦਾ ਕਾਰਨ ਉਸਦਾ ਛੋਟੀ ਉਮਰ ਤੋਂ ਗੁਰਬਾਣੀ ਨਾਲ ਜੁੜੇ ਹੋਣਾ ਸੀ। ਸ਼ੁਰੂ ਤੋਂ ਹੀ ਨਿਤਨੇਮ ਨਾਲ ਪਾਠ ਕਰਨਾ ਤੇ ਕੀਰਤਨ ਕਰਨਾ ਉਸਦਾ ਸੁਭਾ ਬਣ ਗਿਆ। ਇਸ ਤੋਂ ਇਲਾਵਾ ਉਹ ਪੜ੍ਹਾਈ ਵਿਚ ਵੀ ਅੱਵਲ ਰਹਿੰਦੀ ਸੀ। ਇਨ੍ਹਾਂ ਸਭ ਗੱਲਾਂ ਦੀ ਵਜ੍ਹਾ ਨਾਲ ਉਸਦਾ, ਆਪਣੇ ਘਰ ਪਰਿਵਾਰ ਵਿਚ, ਇਕ ਖਾਸ ਥਾਂ ਬਣਿਆਂ ਹੋਇਆ ਸੀ। ਲੇਖਕਾ ਦੇ ਬਚਪਨ ਨਾਲ ਜੁੜੀ ਇਕ ਹੋਰ ਖਾਸ ਸ਼ਖਸੀਅਤ ਸੀ ਸਕੂਲ ਦੀ 'ਮਾਈ ਬਲਕੀ' ਜਿਸਦੇ ਇਕ ਥੱਪੜ ਦੇ ਨਿਸ਼ਾਨ ਹਮੇਸ਼ਾ ਲਈ ਉਸਦੀ ਸਿਮ੍ਰਤੀ ਵਿਚ ਉੱਕਰ ਗਏ ਸਨ। ਉਸਦੇ ਆਪਣੇ ਸ਼ਬਦਾਂ ਵਿਚ "ਇਸਦਾ ਮੇਰਾ ਮਨ ਉੱਪਰ ਜੋ ਅਸਰ ਹੋਇਆ ਉਹ ਹਾਲੇ ਤਕ ਕਾਇਮ ਹੈ। ਉਹ ਇਹ ਕਿ ਬਾਹਰਲੇ ਕਿਸੇ ਬੰਦੇ ਸਾਮ੍ਹਣੇ ਜ਼ਿੱਦ ਨਹੀਂ ਕਰਨੀ ਚਾਹੀਦੀ। ਬਲਾਕੀ ਨੇ ਮੇਰੇ ਮਨ ਵਿਚ ਆਤਮ ਸਮਰਪਨ ਦੇ ਅਜਿਹੇ ਅੰਸ਼ ਬੀਜ ਦਿੱਤੇ ਇਹ ਸਾਰੀ ਉਮਰ ਤਾਜ਼ੇ ਰਹੇ। ਬਲਾਕੀ ਦੇ ਉਸ ਥੱਪੜ ਨੇ ਮੇਰੇ ਤੋਂ ਅਗਲੇ ਦੇ ਬਰਾਬਰ ਚੁਪੇੜ ਮਾਰਨ ਦੀ ਸ਼ਕਤੀ ਖੋਹ ਲਈ।"[3]

ਲੇਖਕਾ ਦਾ ਬਚਪਨ ਤੇ ਜਵਾਨੀ ਦਿੱਲੀ ਦੇ ਪਹਾੜਗੰਜ ਇਲਾਕੇ ਵਿਚ ਬੀਤਿਆ। ਉਸਦੀਆਂ ਜ਼ਿਆਦਾ ਤਰ ਯਾਦਾਂ ਇਨ੍ਹਾਂ ਗਲੀ-ਮੁਹੱਲੇ ਵਿਚਲੀਆਂ ਸਾਂਝਾਂ ਅਤੇ ਰਿਸ਼ਤੇਦਾਰੀਆਂ ਨਾਲ ਹੀ ਜੁੜੀਆਂ ਹੋਈਆਂ ਹਨ। ਆਪਣੇ ਭੈਣ-ਭਰਾਵਾਂ ਤੋਂ ਇਲਾਵਾ ਉਸਦੀ

ਇਕ ਖਾਸ ਸਹੇਲੀ ਸੀ ਜਿਸਦਾ ਨਾਂ ਸੀ ਚੂਚੋ। ਉਸ ਨਾਲ ਸਮਾ ਬਿਤਾਉਣਾ ਉਸ ਨੂੰ ਚੰਗਾ ਲਗਦਾ ਸੀ ਅਤੇ ਉਹ ਅਕਸਰ ਉਸਦੇ ਘਰ ਆਉਂਦੀ ਜਾਂਦੀ ਸੀ। ਚੂਚੋ ਦੇ ਪਰਿਵਾਰ ਵਾਲੇ ਲੇਖਕਾ ਨੂੰ ਬਹੁਤ ਪਿਆਰ ਕਰਦੇ ਸਨ। ਪਰ ਉਨ੍ਹਾਂ ਦੇ ਇਕ ਰਿਸ਼ਤੇਦਾਰ ਨੇ ਇਕ ਵਾਰੀ ਲੇਖਕਾ ਨਾਲ ਜੋ ਹਰਕਤ ਕੀਤੀ ਉਸਦਾ ਪ੍ਰਭਾਵ ਉਸਦੇ ਕੋਮਲ ਮਨ ਉੱਤੇ ਕਾਫੀ ਚਿਰ ਰਿਹਾ।

ਲੇਖਕਾ ਦੇ ਆਪਣੇ ਸ਼ਬਦਾਂ ਵਿਚ :

"ਮੇਰੀ ਹਾਲਤ ਅਜੀਬ ਜਿਹੀ ਰਹਿਣ ਲੱਗੀ। ਮੈਂ ਗਵਾਚੀ ਗਵਾਚੀ ਫਿਰਨ ਲੱਗੀ ਭਾਵੇਂ ਮੈਨੂੰ ਪੂਰਾ ਪਤਾ ਨਹੀਂ ਸੀ ਕਿ ਮੇਰੇ ਨਾਲ ਕੀ ਹੋਇਆ ਪਰ ਇੰਨਾ ਜ਼ਰੂਰ ਪਤਾ ਸੀ ਕਿ ਕੋਈ ਗੰਦੀ ਗੱਲ ਹੋਈ ਸੀ। . . . ਇਕ ਅਜੀਬ ਜਿਹਾ ਡਰ, ਨਫ਼ਰਤ, ਅਲਗਾਵ ਮੇਰੇ ਅੰਦਰ ਘਰ ਕਰਨ ਲੱਗਿਆ।"[4]

ਹੌਲੀ ਹੌਲੀ ਉਹ ਇਸ ਘਟਨਾ ਦੇ ਪ੍ਰਭਾਵ ਤੋਂ ਉੱਭਰ ਕੇ ਆਤਮ-ਵਿਸ਼ਵਾਸ਼ ਨਾਲ ਜ਼ਿੰਦਗੀ ਜਿਉਣ ਦੇ ਲਾਇਕ ਹੋ ਗਈ। ਲੇਖਕਾ ਨੇ ਆਪਣੇ ਬਚਪਨ ਤੋਂ ਲੈਕੇ ਜਵਾਨੀ ਦੀ ਦਹਿਲੀਜ਼ ਤਕ ਪਹੁੰਚਦਿਆਂ ਹੋਰ ਵੀ ਕਈ ਘਟਨਾਵਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਮਾਨਸਿਕ ਤੌਰ ਤੇ ਉਸਦੀ ਸ਼ਖ਼ਸੀਅਤ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ। ਲੇਖਕਾ ਦੀ ਸਵੈ-ਜੀਵਨੀ ਦਾ ਇਹ ਭਾਗ ਜਿੱਥੇ ਉਸਦੇ ਮੁੱਢਲੇ ਜੀਵਨ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ ਓਥੇ ਇਹ ਬਚਪਨ ਅਤੇ ਕਿਸ਼ੋਰ-ਅਵਸਥਾ ਦੀਆਂ ਮਾਨਸਿਕ ਉਲਝਣਾਂ ਦਾ ਵਿਸ਼ਲੇਸ਼ਣ ਵੀ ਪੇਸ਼ ਕਰਦਾ ਹੈ।

ਕਾਲਜ ਤਕ ਪਹੁੰਚਦਿਆਂ ਲੇਖਕਾ ਨੂੰ ਪੰਜਾਬੀ ਵਿਸ਼ੇ ਵਿਚ ਡੂੰਘੀ ਰੁਚੀ ਪੈਦਾ ਹੋ ਗਈ। ਇਸ ਦੌਰਾਨ ਉਸ ਨੂੰ ਮੋਹਨ ਸਿੰਘ ਦੀ ਕਵਿਤਾ 'ਬਸੰਤ' ਨੇ ਬਹੁਤ ਪ੍ਰਭਾਵਿਤ ਕੀਤਾ ਜਿਸ ਨਾਲ ਉਸਦਾ ਕਵਿਤਾ ਨਾਲ ਗਹਿਰਾ ਰਿਸ਼ਤਾ ਸਥਾਪਿਤ ਹੋ ਗਿਆ। ਉਸ ਨੇ ਕਵੀ ਦਰਬਾਰਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਉਸ ਦੌਰ ਦੇ ਉੱਘੇ ਪੰਜਾਬੀ ਲੇਖਕ ਜ਼ਿਆਦਾਤਰ ਪਹਾੜਗੰਜ ਦੇ ਨੇੜਲੇ ਇਲਾਕਿਆਂ ਵਿਚ ਰਹਿੰਦੇ ਸਨ। ਇਨ੍ਹਾਂ ਵਿਚੋਂ ਕੁਝ ਜ਼ਿਕਰਯੋਗ ਨਾਮ ਸਨ –ਡਾ. ਹਰਿਭਜਨ ਸਿੰਘ, ਹਰਿਨਾਮ, ਬਲਵੰਤ ਗਾਰਗੀ, ਹਜ਼ਾਰਾ ਸਿੰਘ ਗੁਰਦਾਸਪੁਰੀ ਅਤੇ ਅੰਮ੍ਰਿਤਾ ਪ੍ਰੀਤਮ । ਇੰਝ ਲੇਖਕਾ ਦੇ ਆਲੇ ਦੁਆਲੇ ਸਾਹਿਤਕ ਮਾਹੌਲ ਉੱਸਰਿਆ ਹੋਇਆ ਸੀ। ਇਸੇ ਪ੍ਰਭਾਵ ਸਦਕਾ ਉਸ ਨੇ ਦਿੱਲੀ ਯੂਨੀਵਰਸਿਟੀ ਤੋਂ ਪੰਜਾਬੀ ਦੀ ਐਮ. ਏ ਕਰਨ ਦਾ ਫੈਸਲਾ ਕਰ ਲਿਆ। ਇੱਥੇ ਆ ਕੇ ਉਸਦਾ ਵਾਹ ਪੰਜਾਬੀ ਸਾਹਿਤ ਅਤੇ ਸਮੀਖਿਆ ਦੀਆਂ ਉੱਘੀਆਂ ਹਸਤੀਆਂ ਨਾਲ ਪਿਆ। ਉਸ ਦੇ ਅਧਿਆਪਕ ਸਾਰੇ ਹੀ ਮਸ਼ਹੂਰ ਆਲੋਚਕ ਵੀ ਸਨ, ਜਿਨ੍ਹਾਂ ਵਿਚ ਡਾ. ਹਰਿਭਜਨ ਸਿੰਘ, ਡਾ. ਤਰਲੋਕ ਸਿੰਘ ਕੰਵਰ, ਡਾ. ਅਤਰ ਸਿੰਘ ਅਤੇ ਡਾ. ਆਤਮਜੀਤ ਸਿੰਘ ਸ਼ਾਮਿਲ ਸਨ। ਇਨ੍ਹਾਂ ਅਧਿਆਪਕਾਂ ਨੇ ਹੀ ਆਲੋਚਨਾ ਦੇ 'ਦਿੱਲੀ ਸਕੂਲ' ਦੀ ਨੀਂਹ ਰੱਖੀ ਜਿਸ ਵਿਚ ਅੱਗੇ ਜਾ ਕੇ ਹੋਰਨਾਂ ਅਧਿਆਪਕਾਂ ਤੋਂ ਇਲਾਵਾ ਲੇਖਕਾ ਦਾ ਆਪਣਾ ਨਾਮ ਵੀ ਜੁੜ ਗਿਆ। ਲੇਖਕਾ ਇਸ ਨਵੇਂ ਮਾਹੌਲ ਨਾਲ ਜੁੜ ਕੇ ਬਹੁਤ ਖੁਸ਼ ਸੀ। ਉਹ ਆਪਣੀ ਖੁਸ਼ੀ ਦਾ ਇਜ਼ਹਾਰ ਇਨ੍ਹਾਂ ਸ਼ਬਦਾਂ ਨਾਲ ਕਰਦੀ ਹੈ :

"ਇਕ ਤਾਂ ਹੁਣ ਸਿਰਫ਼ ਅਸੀਂ ਪੰਜਾਬੀ ਹੀ ਪੜ੍ਹ ਰਹੇ ਸਾਂ ਤੇ ਦੂਜਾ ਇਵੇਂ ਲਗਦਾ ਕਿ ਜਿਵੇਂ ਇਕ ਛੱਪੜ ਵਿਚੋਂ ਨਿਕਲ ਕੇ ਸਮੁੰਦਰ ਵਿਚ ਆ ਗਏ ਹੋਈਏ। ਵਿਸ਼ੇ ਤੇ ਵਿਸ਼ਿਆਂ ਦੀ ਡੂੰਘਾਈ ਹੀ ਇੰਨੀ ਵਸੀਹ ਸੀ।"

ਲੇਖਕਾ ਵਿਸ਼ੇਸ਼ ਤੌਰ ਤੇ ਡਾ. ਹਰਿਭਜਨ ਸਿੰਘ ਦੇ ਅਧਿਆਪਨ ਤੋਂ ਬਹੁਤ ਪ੍ਰਭਾਵਿਤ ਸੀ। ਉਹ ਉਸਦੇ ਆਦਰਸ਼ ਅਧਿਆਪਕ ਬਣ ਗਏ। ਡਾ. ਸਾਹਿਬ ਉੱਚ ਪਾਏ ਦੇ ਕਵੀ ਵੀ ਸਨ ਸੋ ਲੇਖਕਾ ਦਾ ਉਨ੍ਹਾਂ ਦੀਆਂ ਕਵਿਤਾਵਾਂ ਤੋਂ ਪ੍ਰਭਾਵਿਤ ਹੋਣਾ ਸੁਭਾਵਕ ਸੀ। ਸ਼ੁਰੂ ਤੋਂ ਕਵਿਤਾ ਨਾਲ ਜੁੜੀ ਹੋਣ ਕਾਰਨ ਉਸਦੀ ਇਹ ਰੁਚੀ ਹੋਰ ਬਲਵਾਨ ਹੋ ਗਈ। ਬਾਦ ਵਿਚ ਉਸ ਨੇ ਪੀਐੱਚ.ਡੀ. ਵੀ ਡਾ. ਹਰਿਭਜਨ ਸਿੰਘ ਦੀ ਰਹਿਨੁਮਾਈ ਅਧੀਨ ਕੀਤੀ। ਐਮ.ਏ ਫਾਈਨਲ ਦੀ ਵਿਦਾਇਗੀ ਸਮੇਂ ਡਾ. ਸਾਹਿਬ ਵਲੋਂ ਦਿੱਤੇ ਗਏ ਭਾਸ਼ਣ ਦੀਆਂ ਕੁਝ ਸਤਰਾਂ ਨੂੰ ਲੇਖਕਾ ਕਦੇ ਵੀ ਭੁਲਾ ਨਹੀਂ ਸਕੀ। ਇਹ ਸਤਰਾਂ ਸਨ - "ਬੱਚੀਓ, ਮੈਂ ਤੁਹਾਨੂੰ ਅਸ਼ੀਰਵਾਦ ਦਿੰਦਾ ਹਾਂ ਕਿ ਤੁਹਾਨੂੰ ਜ਼ਿੰਦਗ਼ੀ ਵਿਚ ਕਦੇ ਕਵਿਤਾ ਨਾ ਲਿਖਣੀ ਪਵੇ" [5] ਇਨ੍ਹਾਂ ਸਤਰਾਂ ਦੇ ਪਿੱਛੇ ਛਿਪੇ ਗਹਿਰੇ ਅਰਥਾਂ ਦੀ ਪਹਿਚਾਨ ਉਸ ਨੂੰ ਜ਼ਿੰਦਗ਼ੀ ਦੇ ਅਗਲੇਰੇ ਪੜਾਵਾਂ ਤੇ ਜਾ ਕੇ ਹੋਈ। ਇਸ ਤਰ੍ਹਾਂ ਲੇਖਕਾ ਦੇ ਜੀਵਨ-ਬਿਰਤਾਂਤ ਦਾ ਇਹ ਭਾਗ ਉਸਦੀ ਸ਼ਖ਼ਸੀਅਤ ਦੇ ਨਵੇਂ ਵਿਕਾਸ-ਪੜਾ ਦੀ ਝਲਕ ਦਰਸਾਉਂਦਾ ਹੈ। ਸਵੈ-ਜੀਵਨੀ ਦਾ ਇਹ ਬਿਰਤਾਂਤਕ ਭਾਗ ਉਸਦੇ ਅਧਿਆਪਨ ਨਾਲ ਜੁੜਨ ਅਤੇ ਇਸੇ ਨਾਲ ਸੰਬੰਧਿਤ ਸੰਘਰਸ਼ ਨੂੰ ਵੀ ਬਿਆਨਦਾ ਹੈ। ਇਸ ਬਿਰਤਾਂਤ ਨੂੰ ਉਸਾਰਨ ਲਈ ਨਿੱਕੀਆਂ ਨਿੱਕੀਆਂ ਪਰ ਅਰਥ-ਭਰਪੂਰ ਘਟਨਾਵਾਂ ਦਾ ਸਹਾਰਾ ਲਿਆ ਹੈ।

ਪੀਐੱਚ. ਡੀ ਕਰਨ ਸਮੇਂ ਲੇਖਕਾ ਨੂੰ ਇਕ ਵੱਖਰੀ ਕਿਸਮ ਦੀ ਸਮੱਸਿਆ ਦਾ ਸਾਮ੍ਹਣਾ ਕਰਨਾ ਪਿਆ। ਉਸਦਾ ਮਨ-ਭਾਉਂਦਾ ਵਿਸ਼ਾ ਸੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਪਰ ਉਸਨੂੰ ਵਿਸ਼ਾ ਮਿਲਿਆ ਭਾਈ ਵੀਰ ਸਿੰਘ ਕਾਵਿ ਦਾ ਰੂਪ-ਵਿਗਿਆਨਕ ਅਧਿਐਨ। ਇਸ ਸੰਬੰਧੀ ਰਚਨਾ ਦੇ ਪਾਠ ਵਿਚ ਇਕ ਦਿਲਚਸਪ ਉਲੇਖ ਮਿਲਦਾ ਹੈ। ਉਸਦੇ ਨਿਗਰਾਨ (ਡਾ. ਹਰਿਭਜਨ ਸਿੰਘ) ਨੇ ਜਦੋਂ ਉਸ ਨੂੰ ਪੁੱਛਿਆ "ਕਿਹੜੇ ਵਿਸ਼ੇ ਤੇ ਕਰਨੀ ਚਾਹੁੰਦੀ ਐਂ ਡਿਗਰੀ?" ਮੈਂ ਅੰਮ੍ਰਿਤਾ ਪ੍ਰੀਤਮ ਦਾ ਨਾਂ ਲਿਆ ਤਾਂ ਉਹ ਜ਼ਰਾ ਤਲਖੀ ਵਿਚ ਆਉਂਦੇ ਬੋਲੇ ਕਿ ਅੰਮ੍ਰਿਤਾ ਉੱਪਰ ਡਿਗਰੀ ਕਰਨ ਦਾ ਮਤਲਬ ਹੈ ਕਿ ਅੰਨ੍ਹੇ ਖੂਹ ਵਿਚ ਵੱਟੇ ਮਾਰਨਾ।"[6] ਪਰ ਡਾ. ਹਰਿਭਜਨ ਸਿੰਘ ਵਲੋਂ ਸੁਝਾਏ ਵਿਸ਼ੇ ਉੱਪਰ ਖੋਜ ਕਰਨ ਸਦਕਾ ਲੇਖਕਾ ਨੂੰ ਅਕਾਦਮਿਕ ਦ੍ਰਿਸ਼ਟੀ ਤੋਂ ਬਹੁਤ ਲਾਭ ਪ੍ਰਾਪਤ ਹੋਇਆ। ਇਸ ਨਾਲ ਉਸ ਨੂੰ ਇਕ ਨਵੀਂ ਆਲੋਚਨਾ ਦ੍ਰਿਸ਼ਟੀ ਮਿਲ ਗਈ ਜਿਸਦਾ ਮੁੱਖ ਲੱਛਣ ਸੀ ਸਾਹਿਤ ਦਾ ਰੂਪਵਾਦੀ ਅਧਿਐਨ ਤੇ ਵਿਸ਼ਲੇਸ਼ਣ।

ਇਸੇ ਦੌਰਾਨ ਉਸਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ ਜਿਸਦੇ ਸਦਮੇਂ ਵਿਚੋਂ ਉੱਭਰਨ ਲਈ ਉਸਨੂੰ ਕਾਫੀ ਵਕਤ ਲੱਗਾ। ਹੁਣ ਲੇਖਕਾ ਉੱਪਰ ਘਰ ਦੀ ਸਾਰੀ ਜ਼ਿੰਮੇਵਾਰੀ ਆ ਪਈ। ਇਸ ਘਟਨਾ ਤੋਂ ਬਾਦ ਉਸਦੀ ਆਪਣੀ ਮਾਂ ਨਾਲ ਨੇੜਤਾ ਬਹੁਤ ਵਧ ਗਈ। ਪਰਿਵਾਰਕ ਦੁਖਾਂਤ ਦੀ ਇਸ ਸਥਿਤੀ ਦਾ ਅਹਿਸਾਸ ਸਾਨੂੰ ਸਵੈ-ਜੀਵਨੀ ਦੀਆਂ ਨਿਮਨ-ਅੰਕਿਤ ਸਤਰਾਂ ਤੋਂ ਭਲੀ ਭਾਂਤ ਹੋ ਜਾਂਦਾ ਹੈ :

" ਮਾਂ ਮੇਰੀ ਗੱਲ ਨੂੰ ਧਿਆਨ ਨਾਲ ਸੁਣਦੀ, ਬਿਲਕੁਲ ਉਵੇਂ ਹੀ ਜਿਵੇਂ ਉਹ ਭਾਪਾ ਜੀ ਦੀ ਗੱਲ ਨੂੰ ਸੁਣਿਆਂ ਕਰਦੀ ਸੀ। ਮੇਰੀ ਰਾਇ ਘਰ ਵਿਚ ਆਖਰੀ ਹੁੰਦੀ ਪਰ ਮੈਂ ਕਦੇ ਵੀ ਆਪਣੀ ਮਰਜ਼ੀ ਨਾ ਚਲਾਉਂਦੀ . . ."[7]

ਇਸ ਤੋਂ ਉਪਰੰਤ ਸਵੈ-ਜੀਵਨੀ ਦਾ ਬਿਰਤਾਂਤਕ ਰੁਖ਼ ਵਿਦੇਸ਼ ਯਾਤਰਾ ਵਲ ਮੁੜਦਾ ਹੈ। ਉਸਦੀ ਮੁਲਾਕਾਤ ਇੰਗਲੈਂਡ ਦੇ ਪ੍ਰਵਾਸੀ ਪੰਜਾਬੀ ਲੇਖਕਾਂ ਨਾਲ ਹੁੰਦੀ ਹੈ ਜਿਨ੍ਹਾਂ ਵਿਚ ਸੁਲੱਖਣ ਸਿੰਘ, ਜਗਤਾਰ ਢਾਅ, ਸਾਥੀ ਲੁਧਿਆਣਵੀ ਆਦਿ ਸ਼ਾਮਿਲ ਸਨ। ਇਸੇ ਦੌਰਾਨ ਹੀ ਉਸਦੀ ਸਵਰਨ ਚੰਦਨ ਨਾਲ ਪਹਿਲੀ ਮੁਲਾਕਾਤ ਹੋਈ।

ਜੀਵਨ ਦੀਆਂ ਇਨ੍ਹਾਂ ਸਥਿਤੀਆਂ ਵਿਚੋਂ ਲੰਘਦਿਆਂ ਕਈ ਵਰ੍ਹੇ ਬੀਤ ਜਾਣ ਮਗਰੋਂ ਲੇਖਕਾ ਦੇ ਮਨ ਵਿਚ ਘਰ ਵਸਾਉਣ ਦਾ ਸੁਪਨਾ ਜਾਗ ਪਿਆ ਜਿਸਦਾ ਖ਼ੂਬਸੂਰਤ ਕਾਵਿਕ ਬਿਆਨ ਸਵੈ-ਜੀਵਨੀ ਵਿਚ ਅੰਕਿਤ ਹੈ :

"ਘਰ ਦਾ ਸੁਪਨਾ ਅਜੇ ਸੁਪਨਾ ਹੀ ਸੀ ਜਿਸਨੂੰ ਹਕੀਕਤ ਦੀ ਜ਼ਮੀਨ ਅਜੇ ਨਸੀਬ ਨਹੀਂ ਸੀ ਹੋਈ। ਇਸਦਾ ਮਤਲਬ ਇਹ ਨਹੀਂ ਕਿ ਮੈਂ ਇਸ ਬਾਰੇ ਕਦੀ ਸੋਚਿਆ ਨਹੀਂ ਸੀ। ਸੋਚਿਆ ਵੀ ਸੀ ਅਤੇ ਉਸ ਅਹਿਸਾਸ ਦੇ ਮੰਦਰ ਦੀਆਂ ਘੰਟੀਆਂ ਮੇਰੇ ਕੰਨਾਂ ਵਿਚ ਵੀ ਵੱਜੀਆਂ ਸਨ। ਉਸ ਖ਼ੂਬਸੂਰਤ ਅਹਿਸਾਸ ਦੀ ਮਹਿਕ ਨੂੰ ਮੈਂ ਵੀ ਆਪਣੇ ਆਲੇ ਦੁਆਲੇ ਦੇਖਿਆ ਸੀ। ਇਕ ਮਹਿਕ ਜਿਹੀ ਮੇਰੇ ਚੌਗਿਰਦੇ ਵਿਚ ਖਿਲਰੀ ਸੀ। ਮੈਂ ਵੀ ਹਵਾ ਵਿਚ ਉੱਡੀ ਸਾਂ। ਮੈਂ ਵੀ ਕੱਚ ਦੀਆਂ ਵੰਗਾਂ ਦੀ ਖਣਕ ਸੁਣੀ ਸੀ।"

ਕੁਝ ਚਾਹੇ-ਅਣਚਾਹੇ ਭਾਵੁਕ ਰਿਸ਼ਤਿਆਂ ਤੋਂ ਬਾਦ ਉਸਦਾ ਰਿਸ਼ਤਾ ਪ੍ਰਵਾਸੀ ਲੇਖਕ ਸਵਰਨ ਚੰਦਨ ਨਾਲ ਜੁੜ ਗਿਆ। ਇਸ ਰਿਸ਼ਤੇ ਨਾਲ ਉਸ ਨੂੰ ਆਪਣੇ ਸੁਪਨੇ ਦੀ ਆਸ ਪੁਗਦੀ ਨਜ਼ਰ ਆਈ। ਸਵੈ-ਜੀਵਨੀ ਦਾ ਅਗਲੇਰਾ ਬਿਰਤਾਂਤ ਲੇਖਕਾ ਦੇ ਸਵਰਨ ਚੰਦਨ ਨਾਲ ਬਣਦੇ ਵਿਗੜਦੇ ਰਿਸ਼ਤਿਆਂ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਸਵਰਨ ਚੰਦਨ ਨਾਲ ਰਹਿੰਦਿਆਂ ਛੇਤੀ ਹੀ ਲੇਖਕਾ ਦੇ ਮਨ ਵਿਚ ਵਸਿਆ ਘਰ ਦਾ ਸੁਪਨਾ ਖੇਰੂੰ ਖੇਰੂੰ ਹੋਣ ਲੱਗ ਪਿਆ ਸੀ। ਬਿਰਤਾਂਤ ਦੇ ਇਸ ਖੰਡ ਵਿਚ ਲੇਖਕਾ ਨੇ ਰਿਸ਼ਤਿਆਂ ਦੇ ਮੋਹ-ਭੰਗ ਦੀ ਤ੍ਰਾਸਦੀ ਅਤੇ ਸੰਤਾਪ ਨੂੰ ਮਾਰਮਿਕ ਢੰਗ ਨਾਲ ਅੰਕਿਤ ਕੀਤਾ ਹੈ। ਇਸ ਸੁਪਨੇ ਦੀ ਪੂਰਤੀ ਲਈ ਉਸ ਨੇ ਭਾਰਤ ਵਿਚਲੀ ਆਪਣੀ  ਪੱਕੀ ਨੌਕਰੀ ਵੀ ਕੁਰਬਾਨ ਕਰ ਦਿੱਤੀ ਸੀ ਜੋ ਉਸ ਲਈ ਆਰਥਕ ਆਤਮ-ਨਿਰਭਰਤਾ ਦਾ ਆਧਾਰ ਸੀ। ਪਰ ਇੰਗਲੈਂਡ ਆ ਕੇ ਉਸਦੀ ਇਹ ਆਤਮ-ਨਿਰਭਰਤਾ ਖੁੱਸ ਗਈ। ਜਦੋਂ ਉਸ ਨੇ ਸਵਰਨ ਚੰਦਨ ਸਾਮ੍ਹਣੇ, ਆਪਣੇ ਲਈ, ਕੋਈ ਨੌਕਰੀ ਤਲਾਸ਼ ਕਰਨ ਦੀ ਇੱਛਾ ਜ਼ਾਹਰ ਕੀਤੀ ਤਾਂ ਉਸਦਾ ਇਹ ਵੀ ਸੁਪਨਾ ਭੰਗ ਹੋ ਗਿਆ। ਮਿਸਾਲ ਵਜੋਂ ਸਵੈ-ਜੀਵਨੀ ਦੀਆਂ ਨਿਮਨ-ਅੰਕਿਤ ਸਤਰਾਂ ਦੇਖੀਆਂ ਜਾ ਸਕਦੀਆਂ ਹਨ :

"ਚੰਦਨ ਜੀ, ਮੇਰੇ ਲਈ ਕੋਈ ਕੰਮ ਹੀ ਲੱਭ ਦੇਵੋ।"

ਉਨ੍ਹਾਂ ਨੇ ਮੇਰੇ ਵਲ ਧਿਆਨ ਨਾਲ ਦੇਖਿਆ ਤੇ ਬੋਲੇ, "ਤੂੰ ਕਿਸੇ ਕੰਮ ਜੋਗੀ ਨਹੀਂ ਹੈਗੀ"

"ਕਿਉ?"

"ਆਪਣਾ ਜਿਸਮ ਦੇਖ, ਆਪਣੀ ਸਿਹਤ ਦੇਖ, ਆਪਣੇ ਹੱਥ ਦੇਖ, ਮੈਨੂਅਲ ਕੰਮ ਤੇਰੇ ਤੋਂ ਹੋਣਾ ਨਹੀਂ"

"ਕੋਈ ਹੋਰ ਹੋਵੇ"

"ਤੇਰੇ ਲਈ ਏਸ ਕੰਟਰੀ ਵਿਚ ਕੰਮ ਕਰਨਾ ਬਹੁਤ ਔਖਾ ਹੈ"[8]

ਇਨ੍ਹਾਂ ਸਤਰਾਂ ਵਿਚ ਵਿਚ ਔਰਤ ਦੀ ਸਮਾਜਕ ਸਥਿਤੀ ਅਤੇ ਮਰਦ-ਪ੍ਰਧਾਨ ਕਦਰਾਂ-ਕੀਮਤਾਂ ਦਾ ਪ੍ਰਤੀਕਾਤਮਕ ਪ੍ਰਗਟਾਵਾ ਸਾਮ੍ਹਣੇ ਆਉਂਦਾ ਹੈ। ਸਵਰਨ ਚੰਦਨ ਭਾਵੇਂ ਇਕ ਪ੍ਰਗਤੀਵਾਦੀ ਲੇਖਕ ਸੀ ਪਰ ਵਿਹਾਰਕ ਤੌਰ ਤੇ ਉਹ ਰੂੜ੍ਹੀਵਾਦੀ ਸੋਚ ਦਾ ਧਾਰਨੀ ਸੀ। ਇਸੇ ਲਈ ਉਹ ਅਚੇਤ ਤੌਰ ਤੇ ਆਪਣੀ ਪਤਨੀ ਨੂੰ ਆਰਥਕ ਬਰਾਬਰੀ ਦਾ ਦਰਜਾ ਦੇਣ ਤੋਂ ਇਨਕਾਰੀ ਸੀ। ਇਹ ਗੱਲ ਉਸਦੇ ਅਵਚੇਤਨ ਵਿਚ ਵਸੀਆਂ ਹੋਈਆਂ ਜਾਗੀਰਦਾਰੀ ਕਦਰਾਂ-ਕੀਮਤਾਂ ਦੀ ਲਖਾਇਕ ਹੈ।

ਇਸੇ ਤਰ੍ਹਾਂ ਹੀ ਸਵਰਨ ਚੰਦਨ ਆਪਣੇ ਆਪ-ਹੁਦਰੇ ਸੁਭਾ ਕਾਰਨ ਲੇਖਕਾ ਦੇ ਮਨ ਵਸੇ ਹੋਏ 'ਮਾਂ ਬਣਨ' ਦੇ ਸੁਪਨੇ ਨੂੰ ਵੀ ਸਾਕਾਰ ਨਹੀਂ ਹੋਣ ਦਿੰਦਾ। 'ਵਹੀ ਖਾਤਾ' ਰਚਨਾ ਦੀਆਂ ਇਹ ਸਤਰਾਂ ਔਰਤ ਦੇ ਇਸ ਦਰਦ ਨੂੰ ਬਿਆਨਦੀਆਂ ਹਨ:

> "ਮੈਂ ਤਾਂ ਸੋਚ ਰਹੀ ਸਾਂ ਕਿ ਉਹ ਖੁਸ਼ ਹੋਣਗੇ ਪਰ ਉਹ ਤਾਂ ਜਿਵੇਂ ਉਦਾਸੀ ਦੀ ਖਾਈ ਵਿਚ ਜਾ ਡਿੱਗੇ ਹੋਣ। . . . ਮਾਂ ਬਣਨ ਦਾ ਸੁਪਨਾ ਹਰ ਔਰਤ ਦਾ ਹੁੰਦਾ ਹੈ; ਮਾਂ ਬਣਨਾ ਤਾਂ ਕੁਦਰਤ ਦਾ ਕ੍ਰਿਸ਼ਮਾ ਹੁੰਦਾ ਹੈ, ਇਸ ਤੋਂ ਵੱਡਾ ਸੁੱਖ ਔਰਤ ਲਈ ਕੋਈ ਹੋਰ ਹੁੰਦਾ ਹੀ ਨਹੀਂ। ਚੰਦਨ ਸਾਹਿਬ ਮਸੋਸੇ ਹੋਏ ਮੂੰਹ ਨਾਲ ਬੋਲੇ, " ਏਸ ਮੁਲਕ ਵਿਚ ਬੱਚੇ ਪੈਦਾ ਕਰਨ ਦਾ ਕੋਈ ਫਾਇਦਾ ਨਹੀਂ, ਇਹ ਤੁਹਾਡੇ ਕਦੇ ਹੁੰਦੇ ਹੀ ਨਹੀਂ . . ." [9]

ਉਪਰੋਕਤ ਵਾਰਤਾਲਾਪ ਰਾਹੀਂ ਸਾਨੂੰ ਲੇਖਕਾ ਦੀ ਨਾਰੀ ਮਾਨਸਿਕਤਾ ਦੀ ਉਸ ਵਿਸ਼ੇਸ਼ ਅਵਸਥਾ ਦਾ ਪਤਾ ਚਲਦਾ ਹੈ ਜੋ ਕੁਦਰਤ ਦੇ ਨੇਮ ਅਨੁਸਾਰ ਮਾਂ ਹੋਣ ਦੇ ਅਹਿਸਾਸ ਤੋਂ ਵਾਂਝੀ ਰਹਿ ਜਾਂਦੀ ਹੈ। ਆਪਣੇ ਪਤੀ ਦੀ ਰਜ਼ਾਮੰਦੀ ਨਾ ਹੋਣ ਕਾਰਨ ਉਸਨੂੰ, ਨਾ ਚਾਹੁੰਦੇ ਹੋਏ ਵੀ, ਗਰਭਪਾਤ ਕਰਨ ਦੀ ਚੋਣ ਕਰਨੀ ਪੈਂਦੀ ਹੈ। ਪਰ ਅਧੂਰੇਪਨ ਦਾ ਡੂੰਘਾ ਅਹਿਸਾਸ ਉਸਦੇ ਜੀਵਨ ਵਿਚ ਸਦੀਵੀ ਮਨੋਸੰਤਾਪ ਬਣ ਕੇ ਰਹਿ ਜਾਂਦਾ ਹੈ। ਤਰ੍ਹਾਂ ਇਹ ਸਵੈ-ਜੀਵਨੀ ਸਾਡੀ ਵਰਤਮਾਨ ਸਾਮਾਜਿਕ ਵਿਵਸਥਾ ਅਤੇ ਉਸ ਵਿਚਲੇ ਮਨੁੱਖੀ ਰਿਸ਼ਤਿਆਂ ਦੀ ਰਾਜਨੀਤੀ ਨੂੰ ਪੇਸ਼ ਕਰਦੀ ਹੈ।

ਸਵੈ-ਜੀਵਨੀ ਦਾ ਅੰਤਿਮ ਭਾਗ ਲੇਖਕਾ ਦੇ ਸੰਘਰਸ਼ਮਈ ਜੀਵਨ ਦੀ ਨਵੀਂ ਸਥਿਤੀ ਨੂੰ ਮੂਰਤੀਮਾਨ ਕਰਦਾ ਹੈ। ਪਹਿਲੋਂ ਪਹਿਲ ਉਹ ਬਚਪਨ ਤੋਂ ਗ੍ਰਹਿਣ ਕੀਤੀ ਹੋਈ ਆਪਣੀ ਕਮਜ਼ੋਰ ਮਾਨਸਿਕਤਾ ਕਾਰਣ ਬਗ਼ਾਵਤ ਕਰਨ ਦੀ ਬਜਾਇ ਸਮਝੌਤੇ ਦਾ ਰਾਹ ਅਖ਼ਤਿਆਰ ਕਰਦੀ ਰਹੀ ਸੀ। ਪਰ ਇਸ ਨਵੇਂ ਪੜਾ ਤੇ ਅਪੜ ਕੇ ਉਹ ਹੌਲੀ ਹੌਲੀ ਆਤਮ-ਨਿਰਭਰ ਹੋਕੇ ਸਵੈ-ਮਾਣ ਵਾਲੀ ਆਪਣੀ ਨਵੀਂ ਪਹਿਚਾਣ ਸਥਾਪਿਤ ਕਰਨ ਦੇ ਆਹਰ ਵਿਚ ਜੁਟਦੀ ਹੈ। ਇਸਦੇ ਬਿਰਤਾਂਤ ਵਿਚ ਇਕ ਅਜਿਹੀ ਸੂਝਵਾਨ ਨਾਰੀ

ਦਾ ਬਿੰਬ ਸਾਮ੍ਹਣੇ ਆਉਂਦਾ ਹੈ ਜੋ ਸਦੀਆਂ ਤੋਂ ਤੁਰੀ ਆ ਰਹੀ ਰੂੜ੍ਹੀਵਾਦੀ ਮਾਨਸਿਕਤਾ ਦਾ ਸੰਤਾਪ ਭੋਗਦੀ ਹੈ ਪਰ ਹਰ ਤਰ੍ਹਾਂ ਦੇ ਤਸ਼ੱਦਦ ਨੂੰ ਸਹਿੰਦੀ ਹੋਈ ਵੀ ਆਪਣੇ ਸਵੈਮਾਣ ਦੀ ਰਾਖੀ ਕਰਦੀ ਹੈ। ਇਸ ਤਰ੍ਹਾਂ ਇਹ ਸਵੈ-ਜੀਵਨੀ ਆਵਾਸ-ਪਰਵਾਸ ਦੇ ਗੇੜ ਵਿਚ ਫਸੀ ਔਰਤ ਦੇ ਉਸ ਮਾਨਸਿਕ ਤਸ਼ੱਦਦ ਨੂੰ ਬਿਆਨ ਕਰਦੀ ਹੈ ਜੋ ਆਪਣੇ ਵਜੂਦ ਦੇ ਚੌਗਿਰਦੇ ਦੀਆਂ ਸੀਮਾਵਾਂ ਨੂੰ ਉਲੰਘਣਾ ਚਾਹੁੰਦੀ ਹੈ। ਉਸਦੀ ਨਾਰੀ ਚੇਤਨਾ ਉਸ ਨੂੰ ਸਵੈ-ਪਹਿਚਾਣ ਕਰਾਉਂਦੀ, ਜੀਵਨ ਵਿਚ ਹਾਰ ਨਾ ਮੰਨ ਕੇ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਆਪਣੀ ਇਸ ਸਵੈ-ਜੀਵਨੀ ਵਿਚ ਉਹ ਔਰਤ-ਮਰਦ ਦੇ ਆਪਸੀ ਸੰਬੰਧਾਂ ਦੇ ਤਾਣੇ-ਬਾਣੇ ਨੂੰ ਬਹੁਤ ਗੰਭੀਰਤਾ ਨਾਲ ਬਿਆਨਦੀ ਹੈ। ਉਹ ਆਪਣੇ ਘਰ ਦੇ ਅਧੂਰੇ ਸੁਪਨੇ ਨੂੰ ਪੂਰਾ ਕਰਨ ਲਈ ਕਿਸੇ ਵੀ ਹੱਦ ਤਕ ਜਾਣ ਲਈ ਤਤਪਰ ਦਿਖਾਈ ਦਿੰਦੀ ਹੈ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਡਾ. ਦੇਵਿੰਦਰ ਕੌਰ ਦੀ ਇਹ ਸਵੈ-ਜੀਵਨੀ ਉਸਦੇ ਸੰਘਰਸ਼ਮਈ ਜੀਵਨ-ਬਿਰਤਾਂਤ ਨੂੰ ਮੂਰਤੀਮਾਨ ਕਰਦੀ ਹੋਈ ਸਾਡੀ ਵਰਤਮਾਨ ਸਾਮਾਜਿਕ ਵਿਵਸਥਾ ਵਿਚ ਨਾਰੀ ਹੋਂਦ ਦੇ ਯਥਾਰਥ ਨੂੰ ਪੇਸ਼ ਕਰਦੀ ਹੈ। ਹੁਣੇ ਜਿਹੇ ਪੰਜਾਬੀ ਅਕਾਦਮੀ, ਦਿੱਲੀ ਵਲੋਂ ਇਸ ਸਵੈ-ਜੀਵਨੀ ਨੂੰ ਸਾਲ 2014 ਦਾ ਸਰਬੋਤਮ ਵਾਰਤਕ ਸਨਮਾਨ ਦਿੱਤਾ ਗਿਆ ਹੈ ਜੋ ਇਸਦੀ ਸਾਹਿਤਕ ਉਤਕ੍ਰਿਸ਼ਟਤਾ ਦਾ ਪ੍ਰਮਾਣ ਹੈ।

**ਟਿਪਣੀਆਂ ਤੇ ਹਵਾਲੇ:**

---

[1] ਸ੍ਵੈਜੀਵਨੀ (ਸਰੋਤ : ਬਾਲ ਵਿਸ਼ਵਕੋਸ਼ (ਭਾਸ਼ਾ, ਸਾਹਿਤ ਅਤੇ ਸੱਭਿਆਚਾਰ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ)

[2] ਪੁਸਤਕ 'ਵਹੀ ਖਾਤਾ' ਦੇ ਸਰਵਰਕ ਉੱਤੇ ਦਿੱਤਾ ਕਥਨ।

[3] ਦੇਵੀਦਰ ਕੌਰ (2014.), *ਬਹੀ ਖਾਤਾ,* ਸੰਗਮ ਪਬਲੀਕੇਸ਼ਨ, ਸਮਾਨਾ, ਪਟਿਆਲਾ, ਪੰਨਾ - 10

[4] ਓਹੀ, ਪੰਨਾ – 22.

[5] ਓਹੀ, ਪੰਨਾ – 44.

[6] ਓਹੀ, ਪੰਨਾ – 54.

[7] ਓਹੀ, ਪੰਨਾ – 50.

[8] ਓਹੀ, ਪੰਨਾ 93.

[9] ਓਹੀ, ਪੰਨਾ - 99.